Coventry City Council

13 ਮਈ 2021

ਪਿਆਰੇ ਮਾਪੇ ਅਤੇ ਕੇਅਰਰਜ਼,

ਸਾਨੂੰ ਇਹ ਦੱਸਦੇ ਹੋਏ ਖ਼ੁਸ਼ੀ ਹੋ ਰਹੀ ਹੈ ਕਿ ਮਾਰਚ ਵਿੱਚ ਜਦੋਂ ਦੇ ਤੁਹਾਡੇ ਬੱਚੇ ਸਕੂਲ ਵਾਪਸ ਆਏ ਹਨ, ਸਕੂਲਾਂ ਵਿੱਚ ਕੋਵਿੱਡ-19 ਦੇ ਕੇਸ ਨੰਬਰ ਘੱਟ ਰਹੇ ਹਨ, ਮਤਲਬ ਕਿ ਜ਼ਿਆਦਾਤਰ ਬੱਚੇ ਅਤੇ ਨੌਜਵਾਨ ਲੋਕ ਸਕੂਲ ਵਿੱਚ ਰਹਿਣ ਦੇ ਯੋਗ ਹੋ ਗਏ ਹਨ ।

17 ਮਈ ਤੋਂ ਪ੍ਰਬੰਧਾਂ ਵਿੱਚ ਹੋਣ ਵਾਲੀਆਂ ਰਾਸ਼ਟਰੀ ਘੋਸ਼ਣਾਵਾਂ ਅਤੇ ਸੰਸ਼ੋਧਨਾਂ ਬਾਰੇ ਤੁਸੀਂ ਦੇਖਿਆ ਹੋਵੇਗਾ, ਹਾਲਾਂਕਿ ਅਗਲੇ ਹਫਤੇ ਤੋਂ ਪਹਿਲਾਂ ਰਾਸ਼ਟਰੀ (ਨੈਸ਼ਨਲ) ਸਕੂਲਾਂ ਦੇ ਦਿਸ਼ਾ ਨਿਰਦੇਸ਼ਾਂ ਵਿੱਚ ਬਹੁਤ ਘੱਟ ਤਬਦੀਲੀ ਕੀਤੀ ਗਈ ਹੈ । ਅਸੀਂ ਸੋਚਿਆ ਕਿ ਸਕੂਲ ਦੀਆਂ ਸਾਈਟਾਂ ਤੇ ਕੋਵਿੱਡ-19 ਸੰਬੰਧੀ ਉਮੀਦਾਂ ਜਾਰੀ ਰੱਖਣ ਬਾਰੇ ਉਜਾਗਰ ਕਰਨ ਲਈ ਜੇਕਰ ਅਸੀਂ ਤੁਹਾਨੂੰ ਲਿਖੀਏ ਤਾਂ ਇਸ ਨਾਲ ਮਦਦ ਹੋਵੇਗੀ ।

ਅਸੀਂ ਇਹ ਸੁਨਿਸ਼ਚਿਤ ਕਰਨਾ ਚਾਹੁੰਦੇ ਹਾਂ ਕਿ ਸਕੂਲਾਂ ਅਤੇ ਸ਼ਹਿਰ ਦੇ ਵਿੱਚ ਇਨਫੈਕਸ਼ਨ ਰੇਟ (ਲਾਗ ਦੀ ਦਰ) ਨੂੰ ਘੱਟ ਰੱਖਣਾ ਜਾਰੀ ਰੱਖ ਸਕੀਏ । ਕੋਵੈਂਟਰੀ ਵਿੱਚ ਕੋਵਿੱਡ-19 ਕੇਸ ਦਰਾਂ ਪ੍ਰਤੀ 100000 ਦੀ ਅਬਾਦੀ ਪਿੱਛੇ 25 ਦੇ ਕਰੀਬ ਹਨ, ਜੋ ਸੈਕੰਡਰੀ ਸਕੂਲ ਉਮਰ ਦੇ ਬੱਚਿਆਂ ਦੇ ਬਹੁਤੇ ਕੇਸਾਂ ਨਾਲ ਇੰਗਲੈਂਡ ਅਤੇ ਵੈੱਸਟ ਮਿਡਲੈਂਡਜ਼ ਦੀ ਔਸਤ ਨਾਲੋਂ ਵਧੇਰੇ ਹੈ । ਇਸ ਲਈ, ਸਾਨੂੰ ਸੁਚੇਤ ਰਹਿਣਾ ਜਾਰੀ ਰੱਖਣਾ ਚਾਹੀਦਾ ਹੈ, ਖ਼ਾਸ ਤੌਰ ਤੇ ਨਵੇਂ ਅਤੇ ਉੱਭਰ ਰਹੇ ਵੇਰੀਅੰਟਜ਼ (ਵਾਇਰਸ ਦੇ ਨਵੇਂ ਰੂਪ) ਦੇ ਆਉਣ ਕਰਕੇ । ਇਹ ਬੱਚਿਆਂ ਅਤੇ ਨੌਜਵਾਨ ਲੋਕਾਂ ਨੂੰ ਸਮਰ ਟਰਮ(ਅਪ੍ਰੈਲ-ਜੁਲਾਈ) ਦੇ ਬਾਕੀ ਸਮੇਂ ਲਈ ਸਕੂਲਾਂ ਵਿੱਚ ਰੱਖਣ ਵਿੱਚ ਸਾਡੀ ਸਹਾਇਤਾ ਕਰੇਗਾ ।

**ਸੈਕੰਡਰੀ ਸਕੂਲਾਂ ਵਿੱਚ ਫੇਸ ਕਵਰਿੰਗ (ਮੂੰਹ ਢੱਕਣਾ)**

ਰਾਸ਼ਟਰੀ ਸਕੂਲਾਂ ਦੇ ਦਿਸ਼ਾ ਨਿਰਦੇਸ਼ਾਂ ਵਿੱਚ ਸਭ ਤੋਂ ਮਹੱਤਵਪੂਰਨ ਤਬਦੀਲੀ ਇਹ ਹੈ ਕਿ 17 ਮਈ ਤੋਂ ਕਲਾਸਰੂਮਾਂ ਅਤੇ ਕਮਿਊਨਲ (ਸਾਂਝੀਆਂ) ਥਾਵਾਂ ਤੇ ਵਿਦਿਆਰਥੀਆਂ ਨੂੰ ਫੇਸ ਕਵਰਿੰਗ ਲਈ ਹੁਣ ਨਹੀਂ ਕਿਹਾ ਜਾਵੇਗਾ । ਕਲਾਸਰੂਮਾਂ ਵਿੱਚ ਸਟਾਫ ਲਈ ਵੀ ਫੇਸ ਕਵਰਿੰਗ ਲਈ ਹੁਣ ਨਹੀਂ ਕਿਹਾ ਜਾਵੇਗਾ । ਸਾਰੇ ਸਕੂਲਾਂ ਵਿੱਚ ਦਿਸ਼ਾ ਨਿਰਦੇਸ਼ ਜਾਰੀ ਰੱਖਦੇ ਹੋਏ ਸਲਾਹ ਦਿੱਤੀ ਜਾਂਦੀ ਹੈ ਕਿ ਜਿੱਥੇ ਸੋਸ਼ਲ ਡਿਸਟਿੰਸਿੰਗ (ਦੋ ਮੀਟਰ ਦੀ ਦੂਰੀ) ਸੰਭਵ ਨਹੀਂ ਹੈ (ਜਿਵੇਂ ਕਿ ਕਮਿਊਨਲ ਥਾਵਾਂ ਜਾਂ ਗਲਿਆਰੇ/ਕੋਰੀਡੋਰ ਵਿੱਚ ਇੱਧਰ ਉੱਧਰ ਜਾਣ ਵੇਲੇ), ਉੱਥੇ ਸਟਾਫ ਅਤੇ ਵਿਜ਼ਿਟਰਜ਼ ਦੁਆਰਾ ਫੇਸ ਕਵਰਿੰਗ ਪਾ ਕੇ ਰੱਖੀ ਜਾਣੀ ਚਾਹੀਦੀ ਹੈ ।

ਰਾਸ਼ਟਰੀ ਸਥਿਤੀ ਦੇ ਬਾਵਜੂਦ ਵੀ ਅਸੀਂ ਕਲਾਸਰੂਮਾਂ ਅਤੇ ਕਮਿਊਨਲ ਥਾਵਾਂ ਵਿੱਚ ਸੋਸ਼ਲ ਡਿਸਟਿੰਸਿੰਗ ਦੀ ਸਮਰੱਥਾ, ਅਤੇ ਕੋਵਿਡ-19 ਦੇ ਵੇਰੀਅੰਟਜ਼ ਦੇ ਫੈਲਣ ਦੀ ਵਧਦੀ ਦਰ ਦੇ ਡਰ ਤੋਂ ਚਿੰਤਿਤ ਹਾਂ । ਇਸ ਲਈ ਸਥਾਨਕ ਤੌਰ ਤੇ, ਅਸੀਂ ਉਨ੍ਹਾਂ ਸਾਰੇ ਸਕੂਲਾਂ ਨੂੰ ਸਪੋਰਟ ਕਰਾਂਗੇ ਜੋ ਸੈਕੰਡਰੀ ਸਕੂਲ ਉਮਰ ਦੇ ਵਿਦਿਆਰਥੀਆਂ ਅਤੇ ਸਟਾਫ ਨੂੰ ਜਿੱਥੇ ਵੀ ਸੰਭਵ ਹੋਵੇ ਫੇਸ ਕਵਰਿੰਗ ਪਾਉਣ ਲਈ ਉਤਸਾਹਿਤ ਕਰਨਾ ਚਾਹੁੰਦੇ ਹਨ, ਅਤੇ ਹਾਫ ਟਰਮ ਬ੍ਰੇਕ (ਅੱਧੀ ਟਰਮ ਤੇ ਛੁੱਟੀ) ਵੇਲੇ ਇਨਫੈਕਸ਼ਨ ਸਤਰ ਅਤੇ ਵੇਰੀਅੰਟਜ਼ ਸੰਬੰਧਿਤ ਅਗਲੀ ਜਾਣਕਾਰੀ ਦੇ ਅਧਾਰ ਤੇ ਇਸਦਾ ਅੱਗੇ ਮੁਆਇਨਾ ਕਰਾਂਗੇ । ਨਿਰਦੇਸ਼ਾਂ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਚਿੰਤਾ ਵਾਲੇ ਵੇਰੀਅੰਟਜ਼ ਸਮੇਤ ਖ਼ਾਸ ਕਿਸਮ ਦੇ ਸਥਾਨਕ ਫੈਲਾਓ ਹੋਣ ਦੇ ਜਵਾਬ ਵੱਜੋਂ ਬੱਚਿਆਂ, ਵਿਦਿਆਰਥੀਆਂ ਜਾਂ ਸਟਾਫ ਨੂੰ ਅਸਥਾਈ ਸਮੇਂ ਲਈ ਫੇਸ ਕਵਰਿੰਗ ਮੁੜ ਤੋਂ ਸ਼ੁਰੂ ਕਰਨ ਦੀ ਸਲਾਹ ਦਿੱਤੀ ਜਾ ਸਕਦੀ ਹੈ । ਇਸਦੇ ਸਬੰਧ ਵਿੱਚ ਤੁਹਾਡੇ ਨਿਰੰਤਰ ਸਪੋਰਟ ਦਾ ਅਸੀਂ ਸਵਾਗਤ ਕਰਦੇ ਹਾਂ

ਪ੍ਰਾਇਮਰੀ ਸਕੂਲਾਂ ਵਿੱਚ ਬੱਚਿਆਂ ਦੇ ਫੇਸ ਕਵਰਿੰਗ ਪਾਉਣ ਲਈ ਕੋਈ ਰਾਸ਼ਟਰੀ ਜਾਂ ਸਥਾਨਕ ਸਲਾਹ ਨਹੀਂ ਦਿੱਤੀ ਗਈ ਹੈ ।

## ਲੈਟ੍ਰਲ ਫਲੋ ਟੈਸਟਿੰਗ (ਐਲ ਐਫ ਟੀ)

ਜੇਕਰ ਰਾਸ਼ਟਰੀ ਜਾਂ ਸਥਾਨਕ ਉਮੀਦ ਰਹਿੰਦੀ ਹੈ ਕਿ ਸੈਕੰਡਰੀ ਉਮਰ ਦੇ ਵਿਦਿਆਰਥੀ ਹਫਤੇ ਵਿੱਚ ਦੋ ਵਾਰ ਐਲ ਐਫ ਟੀ ਕਰਨ, ਅਤੇ ਅਸੀਂ ਤੁਹਾਨੂੰ ਤੁਹਾਡੇ ਸੈਕੰਡਰੀ ਉਮਰ ਦੇ ਬੱਚੇ ਦਾ ਟੈੱਸਟ ਕਰਨ ਲਈ ਜ਼ੋਰ ਦਿੰਦੇ ਹਾਂ ।ਐਲ ਐਫ ਟੀ ਇਨਫੈਕਸ਼ਨ ਦਰਾਂ ਦਾ ਪ੍ਰਬੰਧ ਕਰਨ ਅਤੇ ਫੈਲਾਓ ਨੂੰ ਘਟਾਉਣ ਲਈ ਨਿਰੰਤਰ ਅਧਾਰ ਤੇ ਇੱਕ ਮਹੱਤਵਪੂਰਨ ਸੰਦ ਰਿਹਾ ਹੈ । ਇਹ ਨਿਯਮਿਤ ਤੌਰ ਤੇ ਗੈਰ ਲੱਛਣੀ ਕੇਸਾਂ ਦੀ ਪਛਾਣ ਕਰਦਾ ਹੈ, ਅਤੇ ਇਸ ਲਈ ਫੈਲਾਓ ਅਤੇ ਬੱਚਿਆਂ ਜਾਂ ਨੌਜਵਾਨ ਲੋਕਾਂ ਦੀ ਗਿਣਤੀ ਜਿਨ੍ਹਾਂ ਨੂੰ ਆਈਸੋਲੇਟ ਕਰਨ (ਅਲੱਗ ਰਹਿਣ) ਦੀ ਲੋੜ ਹੋ ਸਕਦੀ ਹੈ, ਨੂੰ ਘਟਾਉਂਦਾ ਹੈ ।

ਪ੍ਰਾਇਮਰੀ ਉਮਰ ਦੇ ਬੱਚਿਆਂ ਲਈ ਐਲ ਐਫ ਟੀ ਕਰਨ ਲਈ ਕੋਈ ਰਾਸ਼ਟਰੀ ਜਾਂ ਸਥਾਨਕ ਸਲਾਹ ਨਹੀਂ ਦਿੱਤੀ ਗਈ ਹੈ ।ਹਾਲਾਂਕਿ, ਤੁਸੀਂ ਜਾਣਦੇ ਹੀ ਹੋਵੋਗੇ ਕਿ ਅਸੀਂ ਆਪਣੀਆਂ ਐਲ ਐਫ ਟੀ ਕਮਿਊਨਿਟੀ ਸਾਈਟਾਂ (ਥਾਵਾਂ) ਨੂੰ 2 ਸਾਲ ਦੀ ਉਮਰ ਤੋਂ ਲੈ ਕੇ ਬੱਚਿਆਂ ਅਤੇ ਨੌਜਵਾਨ ਲੋਕਾਂ ਦਾ ਟੈਸਟ ਕਰਨ ਦੇ ਯੋਗ ਬਣਾਉਣ ਲਈ ਵਧਾ ਦਿੱਤਾ ਹੈ । ਤੁਹਾਨੂੰ ਇਹ ਵੀ ਪਤਾ ਹੋਵੇਗਾ ਕਿ ਵਰਤਣ ਲਈ ਹੋਮ ਟੈੱਸਟ ਕਿੱਟਾਂ (ਘਰੇ ਜਾਂਚ ਕਰਨ ਵਾਲੀ ਕਿੱਟ) ਤੁਸੀਂ ਆਪਣੇ ਲੋਕਲ ਕਲੈਕਸ਼ਨ ਪੁਆਇੰਟ (ਟੈੱਸਟ ਲੈਣ ਵਾਲੀ ਥਾਂ) ਤੋਂ ਲੈ ਸਕਦੇ ਹੋ । ਐਲ ਐਫ ਟੀ ਕਮਿਊਨਿਟੀ ਸਾਈਟਾਂ ਅਤੇ ਹੋਮ ਟੈੱਸਟ ਕਿੱਟ ਲੈਣ ਬਾਰੇ ਹੋਰ ਜਾਣਕਾਰੀ https://www.coventry.gov.uk/lateralflowtesting, https://www.gov.uk/guidance/rapid-lateral-flow-testing-for-households-and-bubbles-of-school-pupils-and-staff ਤੇ ਉਪਲੱਬਧ ਹੈ ।

## ਹੋਰ ਪ੍ਰਬੰਧ

ਅਗਲੇ ਹਫਤੇ ਤੋਂ ਪਹਿਲਾਂ ਰਾਸ਼ਟਰੀ ਸਕੂਲਾਂ ਦੇ ਦਿਸ਼ਾ ਨਿਰਦੇਸ਼ਾਂ ਵਿੱਚ ਇੱਕ ਛੋਟੀ ਜਿਹੀ ਤਬਦੀਲੀ ਆਈ ਹੈ, ਅਤੇ ਅਸੀਂ 21 ਜੂਨ ਤੱਕ ਹੋਰ ਤਬਦੀਲੀਆਂ ਦੀ ਉਮੀਦ ਨਹੀਂ ਕਰ ਰਹੇ ਹਾਂ ।ਇਸ ਲਈ ਇਨਫੈਕਸ਼ਨ ਦਰਾਂ ਦਾ ਪ੍ਰਬੰਧ ਕਰਨ ਲਈ ਸਕੂਲ ਆਪਣੀਆਂ ਨਿਯੰਤਰਣ ਪ੍ਰਣਾਲੀਆਂ (ਕੰਟ੍ਰੋਲ ਸਿਸਟਮ) ਜਾਰੀ ਰੱਖਣ ਜਿਵੇਂ ਕਿ ਸਕੂਲ ਸ਼ੁਰੂ ਅਤੇ ਖ਼ਤਮ ਕਰਨ ਦੇ ਅਲੱਗ ਸਮੇਂ, ਇੱਕ ਪਾਸੇ (ਵਨ ਵੇ) ਵਾਲੇ ਸਿਸਟਮ, ਅਤੇ ਉਮੀਦ ਕਿ ਸਕੂਲ ਵਾਲੀ ਥਾਂ ਤੇ ਮਾਪੇ ਸੋਸ਼ਲ ਡਿਸਟੈਂਸ ਅਤੇ ਫੇਸ ਕਵਰਿੰਗ ਪਾ ਕੇ ਰੱਖਣ ।ਸਕੂਲ ਬੱਚਿਆਂ ਅਤੇ ਨੌਜਵਾਨ ਲੋਕਾਂ ਨੂੰ ਗਰੁੱਪਾਂ/ਬਬਲਜ਼(ਬੁਲਬਲਿਆਂ) ਵਿੱਚ ਵਿਵਸਥਿਤ ਰੱਖਣ, ਮਾਪਿਆਂ ਨਾਲ ਆਪਸੀ ਗੱਲਬਾਤ ਲਈ ਪ੍ਰਬੰਧ ਅਤੇ ਜਿੱਥੋਂ ਤੱਕ ਹੋ ਸਕੇ ਵਿਦਿਆਰਥੀਆਂ ਦਾ ਵਰਚੂਅਲੀ ਟ੍ਰਾਂਜ਼ਿਸ਼ਨ (ਨਵੇਂ ਸ਼ੁਰੂ ਹੋਣ ਵਾਲੇ ਸਕੂਲ ਦੇ ਬਾਰੇ ਟੈਲੀਫੋਨ/ਕੰਪਿਊਟਰ/ਇੰਟਰਨੈੱਟ ਦੇ ਰਾਂਹੀ ਦੱਸਣ ਜਾਂ ਦਿਖਾਉਣ) ।

ਗਰਮੀਆਂ ਦੀਆਂ ਛੁੱਟੀਆਂ ਤੋਂ ਪਹਿਲਾਂ ਇਨਫੈਕਸ਼ਨ ਦੀਆਂ ਦਰਾਂ ਦੇ ਵਿੱਚ ਕਿਸੇ ਵੀ ਤਰ੍ਹਾਂ ਦੇ ਵਾਧੇ ਨੂੰ ਰੋਕਣ ਲਈ ਅਸੀਂ ਰਾਸ਼ਟਰੀ ਦਿਸ਼ਾ ਨਿਰਦੇਸ਼ਾਂ ਅਤੇ ਵੇਰੀਅੰਟਜ਼ ਸਮੇਤ ਸਥਾਨਕ ਇਨਫੈਕਸ਼ਨ ਦਰਾਂ ਦੇ ਅਨੁਸਾਰ ਸਥਿਤੀ ਦਾ ਮੁਆਇਨਾ ਕਰਾਂਗੇ । ਸਾਨੂੰ ਉਮੀਦ ਹੈ ਕਿ ਸਤੰਬਰ ਤੋਂ ਸਕੂਲ ਹੋਰ ਸਧਾਰਨ ਪ੍ਰਬੰਧ ਮੁੜ ਤੋਂ ਸ਼ੁਰੂ ਕਰ ਸਕਣਗੇ । ਸਥਿਤੀ ਦੀ ਪੁਸ਼ਟੀ ਕਰਨ ਦੇ ਲਈ ਅਸੀਂ 21 ਜੂਨ ਤੋਂ ਪਹਿਲਾਂ ਦੁਬਾਰਾ ਤੁਹਾਨੂੰ ਸਪੱਸ਼ਟ ਤੌਰ ਤੇ ਲਿਖਾਂਗੇ ।

## ਆਮ ਨਿਯੰਤਰਨ

ਅੰਤ ਵਿੱਚ, ਮੈਂ ਤੁਹਾਨੂੰ ਯਾਦ ਕਰਵਾਉਣਾ ਚਾਹਾਂਗੀ ਕਿ ਤੁਸੀਂ ਉਨ੍ਹਾਂ ਕੰਮਾਂ ਨੂੰ ਕਰਨਾ ਜਾਰੀ ਰੱਖਣਾ ਜੋ ਤੁਸੀਂ ਸਾਡੀਆਂ ਸਿੱਖਿਆ ਵਾਲੀਆਂ ਥਾਵਾਂ ਨੂੰ ਸੁਰੱਖਿਅਤ ਰੱਖਣ ਲਈ ਕਰ ਰਹੇ ਹੋ । ਉਹ ਹਨ:

- ਜੇਕਰ ਤੁਹਾਡੇ ਬੱਚੇ ਨੂੰ ਕਰੋਨਾਵਾਇਰਸ ਦੇ ਲੱਛਣ ਹੋਣ ਜਾਂ ਤੁਹਾਡੇ ਘਰ ਵਿੱਚ ਕਿਸੇ ਨੂੰ ਲੱਛਣ ਹੋਣ ਤਾਂ ਆਪਣੇ ਬੱਚੇ ਨੂੰ ਨਰਸਰੀ, ਚਾਈਲਡ ਮਾਈਂਡਰ, ਸਕੂਲ ਜਾਂ ਕਾਲਜ ਨਾ ਭੇਜੋ ।
- ਜੇਕਰ ਤੁਹਾਨੂੰ ਜਾਂ ਤੁਹਾਡੇ ਬੱਚੇ ਨੂੰ ਕੋਈ ਲੱਛਣ ਹੋਣ ਤਾਂ ਟੈੱਸਟ ਦਾ ਪ੍ਰਬੰਧ ਕਰੋ- ਭਾਵੇਂ ਇਹ ਲੱਛਣ ਹਲਕੇ ਜਿਹੇ ਹੀ ਹੋਣ- ਅਤੇ ਇਸਦੇ ਨਤੀਜੇ ਦੀ ਜਾਣਕਾਰੀ ਨਰਸਰੀ, ਚਾਈਲਡ ਮਾਈਂਡਰ, ਸਕੂਲ ਜਾਂ ਕਾਲਜ ਨੂੰ ਦਿਉ
- ਜਦੋਂ ਤੁਹਾਡੇ ਬੱਚੇ ਨੂੰ ਆਪਣੇ ਸਕੂਲ ਜਾਂ ਕਿਤੇ ਹੋਰ ਕਿਸੇ ਕਨਫਰਮ(ਕੋਵਿਡ) ਕੇਸ ਵਾਲੇ ਵਿਅਕਤੀ ਦੇ ਸੰਪਰਕ ਵਿੱਚ ਆਉਣ ਬਾਰੇ ਪਤਾ ਲੱਗਿਆ ਹੋਵੇ ਤਾਂ ਉਦੋਂ ਆਪਣੇ ਬੱਚੇ ਨੂੰ ਘਰ ਹੀ ਰੱਖੋ ।

- ਜੇਕਰ ਕਿਸੇ ਘਰ ਵਿੱਚ ਕੋਈ ਵਿਅਕਤੀ ਆਪਣੇ ਨਤੀਜੇ ਦੀ ਉਡੀਕ ਕਰ ਰਿਹਾ ਹੈ ਤਾਂ ਇਹ ਪੱਕਾ ਕੀਤਾ ਜਾਵੇ ਕਿ ਉਸ ਘਰ ਦੇ ਸਾਰੇ ਲੋਕ ਆਪਣੇ ਆਪ ਨੂੰ ਅਈਸੋਲੇਟ(ਅਲੱਗ) ਰੱਖਣ, ਅਤੇ ਜੇਕਰ ਨਤੀਜਾ ਹਾਂ ਵਿੱਚ (ਪੌਜ਼ੀਟਿਵ) ਆਉਂਦਾ ਹੈ ਤਾਂ ਅਈਸੋਲੇਸ਼ਨ ਜਾਰੀ ਰੱਖਣ ।
- ਆਪਣੇ ਬੱਚਿਆਂ ਨੂੰ ਹੱਥ ਧੋਣ, ਦੂਰੀ ਰੱਖਣ ਅਤੇ ਘੱਟੋ ਘੱਟ ਸੰਪਰਕ ਬਣਾਏ ਰੱਖਣ ਬਾਰੇ ਪੱਕਾ ਕਰੋ
- ਬੱਚਿਆਂ ਤੋਂ ਕੀਤੀ ਜਾ ਰਹੀ ਉਮੀਦ ਦੇ ਬਾਰੇ ਉਨ੍ਹਾਂ ਨੂੰ ਸਮਝਾਉਣ ਅਤੇ ਪੱਕਾ ਕਰਨ ਨਾਲ ਆਪਣੇ ਸਕੂਲਾਂ ਦਾ ਸਪੋਰਟ ਕਰੋ ਜਿਸ ਵਿੱਚ ਇਹ ਗੱਲ ਵੀ ਸ਼ਾਮਿਲ ਹੋਵੇ ਕਿ ਉਨ੍ਹਾਂ ਨੂੰ ਸਕੂਲ ਅਤੇ ਪਬਲਿਕ ਟ੍ਰਾਂਸਪੋਰਟ (ਸਕੂਲ ਲਈ ਲਗਾਈਆਂ ਗਈਆਂ ਬੱਸਾਂ ਵੀ ਸ਼ਾਮਿਲ ਹਨ) ਦੋਨਾਂ ਵਿੱਚ ਫੇਸ ਮਾਸਕ ਪਾਉਣ ਦੀ ਜ਼ਰੂਰਤ ਹੈ ।
- ਰਾਸ਼ਟਰੀ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਨਾ ਜਾਰੀ ਰੱਖੋ ।

ਜੇਕਰ ਤੁਸੀਂ ਕੌਵਿੱਡ-19 ਬਾਰੇ ਕੋਈ ਹੋਰ ਮਦਦ ਅਤੇ ਸਲਾਹ ਲੈਣਾ ਚਾਹੁੰਦੇ ਹੋ ਤਾਂ, ਕਿਰਪਾ ਕਰਕੇ https://www.gov.uk/coronavirus. ਤੇ ਜਾਓ ।

ਆਪਣੇ ਸ਼ਹਿਰ ਵਿੱਚ ਕੌਵਿੱਡ-19 ਘਟਾਉਣ ਅਤੇ ਜਿੰਨਾ ਸੰਭਵ ਹੋ ਸਕੇ ਸਕੂਲਾਂ ਨੂੰ ਸੁਰੱਖਿਅਤ ਰੱਖਣ ਵਿੱਚ ਮਦਦ ਕਰਨ ਲਈ ਤੁਹਾਡੀ ਨਿਰੰਤਰ ਸਪੋਰਟ ਵਾਸਤੇ ਅਸੀਂ ਤੁਹਾਡਾ ਧੰਨਵਾਦ ਕਰਨਾ ਚਾਹੁੰਦੇ ਹਾਂ ।

ਤੁਹਾਡੀ ਸ਼ੁਭਚਿੰਤਕ,

ਕਰਸਟਨ ਨੈਲਸਨ (Kirston Nelson)
**ਡਾਇਰੈਕਟਰ ਆਫ ਐਜੂਕੇਸ਼ਨ ਐਂਡ ਸਕਿਲਜ਼**
**Director of Education & Skills**

ਲਿਜ਼ ਗੋਲਟਨ (Liz Gaulton)
**ਡਾਇਰੈਕਟਰ ਆਫ ਪਬਲਿਕ ਹੈੱਲਥ ਐਂਡ ਵੈੱਲਬੀਂਗ**
**Director of Public Health and Wellbeing**